# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ.
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਮੈਥ, ਅੰਗ੍ਰੇਜੀ, ਸਮਾਜਿਕ ਅਤੇ ਸਾਇੰਸ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ)
ਪੰਜਾਬ

ਮੀਮੋ ਨੰ: e-605171/SCERT, QP/UP/ 2023- 336238

ਮਿਤੀ: ਐਸ.ਏ.ਐਸ.ਨਗਰ, 21-12-2023

**ਵਿਸ਼ਾ: ਸੈਸ਼ਨ 2023-24 ਵਿੱਚ ਸਕੂਲ ਪੱਧਰ ਤੇ ਨੌਵੀਂ ਤੋਂ ਦਸਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ Subject Fairs ਕਰਵਾਉਣ ਸਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਸਮੂਹ ਸਕੂਲਾਂ ਵਿੱਚ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਰੁਚੀ ਨੂੰ ਵਧਾਉਣ ਅਤੇ ਵਿਸ਼ੇ ਨਾਲ ਸਬੰਧਤ ਧਾਰਨਾਵਾਂ ਨੂੰ ਸੌਖਾਲੇ ਢੰਗਾਂ ਅਤੇ ਖੇਡ ਵਿਧੀਆਂ ਰਾਹੀਂ ਸਿੱਖਣ-ਸਿਖਾਉਣ ਲਈ Subject Fairs ਕਰਵਾਏ ਜਾ ਰਹੇ ਹੈ।

3.0. ਇਹ Subject Fairs ਨਾ ਸਿਰਫ ਵਿਦਿਆਰਥੀਆਂ ਦੀ ਵਿਸ਼ੇ ਪ੍ਰਤੀ ਜਿਗਿਆਸਾ ਵਿੱਚ ਵਾਧਾ ਕਰਦੇ ਹਨ ਬਲਕਿ ਰੋਜ਼ਾਨਾ ਕਲਾਸਰੂਮ ਅਧਿਆਪਣ ਤੋਂ ਹਟ ਕੇ ਵਿਦਿਆਰਥੀਆਂ ਦੇ ਵਿਸ਼ੇ ਸਬੰਧੀ ਗਿਆਨ ਪੱਧਰ ਨੂੰ ਉੱਚਾ ਚੁੱਕਣ ਦਾ ਸਾਧਨ ਵੀ ਬਣਦੇ ਹਨ। ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਵਿਭਾਗ ਵੱਲੋਂ ਸਕੂਲ ਪੱਧਰੀ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ੇ ਦੇ Subject Fairs ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ Subject Fairs ਨੂੰ ਸਫਲਤਾ ਪੂਰਵਕ ਕਰਵਾਉਣ ਲਈ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

4.0. Subject Fairs ਹੇਠ ਦਰਸਾਈਆਂ ਮਿਤੀਆਂ ਅਨੁਸਾਰ ਕਰਵਾਇਆ ਜਾਵੇ:

| ਮਿਤੀ | ਵਿਸ਼ਾ ਜਿਸ ਦਾ ਮੇਲਾ ਲਗਾਇਆ ਜਾਣਾ ਹੈ | ਸਮਾਂ | ਵਿਸ਼ੇਸ਼ ਕਥਨ |
|---|---|---|---|
| 05-ਜਨਵਰੀ-2024 | ਗਣਿਤ ਅਤੇ ਵਿਗਿਆਨ | ਅੱਧੀ ਛੁੱਟੀ ਤੋਂ ਬਾਅਦ | ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਮੇਲਿਆਂ ਕਰਕੇ ਮਿਸ਼ਨ ਸਮਰੱਥ ਦਾ ਟਾਈਮ-ਟੇਬਲ ਪ੍ਰਭਾਵਿਤ ਨਾ ਹੋਵੇ। |
| 06-ਜਨਵਰੀ-2024 | ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ | | |

Scanned with OKEN Scanner

5.0. ਵਿਦਿਆਰਥੀਆਂ ਨੂੰ ਇਸ ਢੰਗ ਨਾਲ ਟੌਪਿਕਾਂ ਦੀ ਵੰਡ ਕੀਤੀ ਜਾਵੇ ਕਿ ਇੱਕ ਟੌਪਿਕ ਇੱਕ ਵਿਦਿਆਰਥੀ /ਗਰੁੱਪ ਨੂੰ ਹੀ ਦਿੱਤਾ ਜਾਵੇ। ਦੂਜੇ ਵਿਦਿਆਰਥੀ /ਗਰੁੱਪ ਨੂੰ ਨਵਾਂ ਟੌਪਿਕ ਹੀ ਦਿੱਤਾ ਜਾਵੇ।

6.0. ਵਿਦਿਆਰਥੀਆਂ ਨੂੰ ਇਸ Subject Fairs ਵਿੱਚ ਭਾਗ ਲੈਣ ਲਈ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾਵੇ। ਵਿਦਿਆਰਥੀਆਂ ਦੇ ਗਰੁੱਪ (1-4) ਵੀ ਬਣਾਏ ਜਾ ਸਕਦੇ ਹਨ।

7.0. ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ presentation ਦੇਣ ਸਬੰਧੀ ਗਾਈਡ ਕੀਤਾ ਜਾਵੇ ਤਾਂ ਜੋ ਵਿਦਿਆਰਥੀ Subject Fairs ਵਾਲੇ ਦਿਨ ਆਪਣੇ ਟੌਪਿਕ ਨੂੰ ਵਧੀਆ ਢੰਗ ਨਾਲ present ਕਰ ਸਕਣ।

8.0. ਵਿਦਿਆਰਥੀਆਂ ਦੀ ਗਰੁੱਪਿੰਗ ਕਰਨ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਹੁਸ਼ਿਆਰ ਵਿਦਿਆਰਥੀਆਂ ਨੂੰ ਇੱਕੋ ਗਰੁੱਪ ਵਿੱਚ ਨਾ ਰੱਖਿਆ ਜਾਵੇ। ਅਧਿਆਪਕ ਵੱਲੋਂ ਇਹ ਸੰਭਵ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਹਰ ਗਰੁੱਪ ਵਿੱਚ mixed abilities ਵਾਲੇ ਵਿਦਿਆਰਥੀਆਂ ਨੂੰ ਜ਼ਰੂਰ ਰੱਖਿਆ ਜਾਵੇ ਤਾਂ ਜੋ ਹਰ ਵਿਦਿਆਰਥੀ ਇਹਨਾਂ Subject Fairs ਵਿੱਚ ਭਾਗ ਲੈ ਕੇ ਉਤਸ਼ਾਹਿਤ ਮਹਿਸੂਸ ਕਰੇ।

9.0. ਟੌਪਿਕਾਂ ਦੀ ਚੋਣ, ਵੰਡ ਅਤੇ presentation ਇਸ ਢੰਗ ਨਾਲ ਰੱਖੀ ਜਾਵੇ ਤਾਂ ਜੋ ਕਿ ਹਰ ਵਿਦਿਆਰਥੀ ਦੀ ਇਹਨਾਂ Subject Fairs ਦੌਰਾਨ ਸੌਖੇ ਅਤੇ ਔਖੇ ਟੌਪਿਕ ਦੀ ਤਿਆਰੀ ਖੇਡ ਅਤੇ ਗੱਲਬਾਤ ਵਿਧੀ ਰਾਹੀਂ ਹੋ ਜਾਵੇ।

10.0. ਵਿਸ਼ਾ ਅਧਿਆਪਕ ਵਿਦਿਆਰਥੀਆਂ ਨੂੰ ਇਹਨਾਂ Subject Fairs ਵਿੱਚ ਭਾਗ ਲਈ ਮਾਰਗ ਦਰਸ਼ਨ ਕਰਨਗੇ ਅਤੇ ਇਸ ਸੰਬੰਧੀ ਅਧਿਆਪਕ ਵਿਦਿਆਰਥੀਆਂ ਨੂੰ ਸਰਦੀ ਦੀਆਂ ਛੁੱਟੀਆਂ ਦੌਰਾਨ ਮਾਡਲ ਤਿਆਰ ਕਰਨ ਲਈ ਪ੍ਰੇਰਿਤ ਕਰਨ।

11.0. Subject Fairs ਲਈ ਦਰਸਾਈਆ ਮਿਤੀਆਂ ਦੌਰਾਨ ਵਿਦਿਆਰਥੀਆਂ ਦੁਆਰਾ ਬਣਾਏ ਮਾਡਲਾਂ, ਚਾਰਟਾਂ, ਥ੍ਰੀ-ਡੀ ਚਾਰਟ, ਸਕਰੈਪ ਬੁੱਕ, ਨਕਸ਼ੇ ਅਤੇ ਗਲੋਬ ਗਤੀਵਿਧੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇ।

12.0. ਮਾਡਲ ਬਣਾਉਣ ਵੇਲੇ ਉਸ ਦੀ ਉਪਯੋਗਤਾ ਨੂੰ ਤਰਜੀਹ ਦਿੱਤੀ ਜਾਵੇ।

13.0. ਮਾਡਲ ਬਣਾਉਣ ਲਈ ਜ਼ਿਆਦਾਤਰ ਵਾਧੂ ਵਸਤੂਆਂ ਦਾ ਪ੍ਰਯੋਗ ਕੀਤਾ ਜਾਵੇ ਜਿਵੇਂ ਘਰ ਵਿੱਚ ਪਏ ਗੱਤੇ ਦੇ ਡੱਬੇ, ਪੁਰਾਣੀ ਉੱਨ, ਬਟਨ, ਮੋਤੀ, ਕੈਂਚੀ, ਚਾਰਟ ਆਦਿ।

14.0. ਅਧਿਆਪਕਾਂ ਦੀ ਸਹਾਇਤਾ ਲਈ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੀਆਂ ਕੁੱਝ ਗਤੀਵਿਧੀਆਂ ਦੀ ਸੂਚੀ ਨਾਲ ਦਿੱਤੀ ਗਈ ਹੈ।

15.0. Subject Fairs ਵਾਲੇ ਦਿਨ ਸਕੂਲ ਮੁੱਖੀ ਵੱਲੋਂ ਪਿੰਡ ਦੇ ਪਤਵੰਤੇ ਸੱਜਣ, SMC ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਕਾਰਗੁਜਾਰੀ ਦੀ ਹੌਸਲਾ ਅਫਜਾਈ ਕਰਨ ਲਈ ਸੱਦਾ ਪੱਤਰ ਜਰੂਰ ਦਿੱਤਾ ਜਾਵੇ ਜੀ ਅਤੇ ਉਹਨਾਂ ਦੀ ਫੀਡਬੈਕ ਜਰੂਰ ਲਈ ਜਾਵੇ।

16.0. ਅਧਿਆਪਕ ਵਿਦਿਆਰਥੀਆਂ ਦੀ Subject Fairs ਵਿੱਚ ਕੀਤੀ ਕਾਰਗੁਜਾਰੀ ਦਾ ਮੁਲਾਂਕਣ ਵੀ ਆਪਣੇ ਕੋਲ ਕਰਕੇ ਰੱਖਣ।

Scanned with OKEN Scanner

17.0. Subject Fairs ਦੌਰਾਨ ਬਣੇ ਮਾਡਲ/ਕਿਰਿਆਵਾਂ ਬਾਅਦ ਵਿੱਚ ਸਕੂਲ ਵਿੱਚ ਮੌਜੂਦ ਸੰਬੰਧਤ ਵਿਸ਼ੇ ਦੇ ਕਾਰਨਰ/ਲੈਬ ਵਿੱਚ ਰੱਖੀਆਂ ਜਾਣ।

18.0. ਹਰੇਕ ਸਕੂਲ ਦੇ subject fair ਵਿੱਚੋਂ ਹਰੇਕ ਵਿਸ਼ੇ ਦੀਆਂ ਸਭ ਤੋਂ ਵਧੀਆ 2 ਜਾਂ 3 ਐਕਟੀਵਿਟੀਜ ਦੀ ਚੋਣ ਕੀਤੀ ਜਾਵੇ ਅਤੇ ਆਪਣੇ ਸਕੂਲ ਵਿਚੋਂ ਸਭ ਤੋਂ ਵਧੀਆ 5 ਐਕਟੀਵਿਟੀਜ ਦੀਆਂ videos recording ਸਕੂਲ/ ਜ਼ਿਲਾ ਪੱਧਰੀ ਗਰੁੱਪਾਂ ਵਿੱਚ ਭੇਜਣਗੇ।

19.0. ਹਰੇਕ ਸਕੂਲ Subject Fairs ਦੀਆਂ ਫੋਟੋਆਂ ਦਾ ਇੱਕ collage ਤਿਆਰ ਕਰਕੇ ਰਿਕਾਰਡ ਰੱਖਣਗੇ।

20.0. ਇਹਨਾਂ ਮੇਲਿਆਂ ਦੇ ਸਫਲ ਸੰਚਾਲਨ ਲਈ ਹੇਠ ਲਿਖੇ ਅਨੁਸਾਰ ਫੰਡ ਭੇਜੇ ਜਾ ਚੁੱਕੇ ਹਨ:

| District | No. of High and Senior Secondary Schools | Rs 5000 per school | Rs 5000 per school (in lacs) |
|---|---|---|---|
| Amritsar | 238 | 1190000 | 11.9 |
| Barnala | 93 | 465000 | 4.65 |
| Bathinda | 211 | 1055000 | 10.55 |
| Faridkot | 87 | 435000 | 4.35 |
| Fatehgarh sahib | 84 | 420000 | 4.2 |
| Fazilka | 158 | 790000 | 7.9 |
| Firozpur | 133 | 665000 | 6.65 |
| Gurdaspur | 211 | 1055000 | 10.55 |
| Hoshiarpur | 272 | 1360000 | 13.6 |
| Jalandhar | 279 | 1395000 | 13.95 |
| Kapurthala | 133 | 665000 | 6.65 |
| Ludhiana | 348 | 1740000 | 17.4 |
| Malerkotla | 55 | 275000 | 2.75 |
| Mansa | 141 | 705000 | 7.05 |
| Moga | 175 | 875000 | 8.75 |
| Mohali | 115 | 575000 | 5.75 |
| Muktsar | 158 | 790000 | 7.9 |
| Nawanshahar | 111 | 555000 | 5.55 |
| Pathankot | 86 | 430000 | 4.3 |
| Patiala | 214 | 1070000 | 10.7 |
| Rupnagar | 123 | 615000 | 6.15 |
| Sangrur | 186 | 930000 | 9.3 |
| Tarantaran | 182 | 910000 | 9.1 |
| **Total** | **3793** | **18965000** | **189.65** |

ਉਪਰੋਕਤ ਫੰਡ ਦੀ ਵਰਤੋਂ ਹਰੇਕ ਵਿਸ਼ੇ ਦੇ ਮਾਡਲ ਬਣਾਉਣ ਲਈ ਬਰਾਬਰ-2 ਕੀਤੀ ਜਾਵੇ।

Scanned with OKEN Scanner

21.0. ਜਮਾਤਾਂ 6ਵੀਂ ਤੋਂ 8ਵੀਂ ਦੇ ਵਿਦਿਆਰਥੀਆਂ ਵੱਲੋਂ ਸਮਰ ਕੈਂਪ ਦੌਰਾਨ ਤਿਆਰ ਕੀਤੇ ਗਏ ਮਾਡਲ ਵੀ ਇਹਨਾਂ Subject Fairs ਦੌਰਾਨ ਪ੍ਰਦਰਸ਼ਿਤ ਕੀਤੇ ਜਾਣ।

22.0. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਸਮੂਹ ਪ੍ਰਿੰਸੀਪਲਜ਼ ਡਾਇਟ, ਡਾਇਟ ਫੈਕਲਟੀ ਅਤੇ BNOs ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ Subject Fairs ਦੀ ਮੋਨਿਟਰਿੰਗ ਕਰਨ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ।

23.0. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਨੱਥੀ:** ਅਧਿਆਪਕਾਂ ਦੀ ਸਹਾਇਤਾ ਲਈ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਦੀਆਂ ਕੁੱਝ ਗਤੀਵਿਧੀਆਂ ਦੀ ਸੂਚੀ

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ।**

**ਪਿਠ ਅੰਕਣ ਨੰ:** e-605171/SCERT, QP/UP/ 2023- 336238 ਮਿਤੀ: 21-12-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ ਟੂ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. ਸਮੂਹ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
7. ਸਮੂਹ ਜ਼ਿਲ੍ਹਾ ਨੋਡਲ ਅਫਸਰ (ਮੁਖ ਦਫਤਰ)
8. DM (MIS)- website ਤੇ ਅਪਲੋਡ ਕਰਨ ਲਈ।

ਸ਼ਿਵਨਦੀਪ ਕੌਰ
21/12/23
**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ।**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਫਰੀਦਕੋਟ

ਪਿ: ਅੰ: ਨੰ: ਫ-6/DSSC/2023/796 ਮਿਤੀ 22/12/2023

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲਜ਼/ਸਕੂਲ ਮੁਖੀਆਂ (ਸਰਕਾਰੀ/ਮਾਨਤਾ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਗਣਿਤ/ਵਿਗਿਆਨ/ਅੰਗਰੇਜ਼ੀ/ਸ.ਸ. ਵਿਸ਼ਿਆਂ ਦੇ ਮੇਲੇ ਉਪਰੋਕਤ ਮਿਤੀਆਂ ਅਨੁਸਾਰ ਆਯੋਜਿਤ ਕੀਤੇ ਜਾਣ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਫਰੀਦਕੋਟ

Scanned with OKEN Scanner